## ਅਧਿਆਇ 31

# ਹਦਾਇਤਾਂ ਦਾ ਸਾਰ

ਸੀਨਈ ਪਹਾੜ ਉੱਤੇ ਪਰਮੇਸ਼ੁਰ ਦੇ ਨਾਲ ਮੂਸਾ ਦੀ ਮੁਲਾਕਾਤ ਅਧਿਆਇ 31 ਵਿਚ ਸਮਾਪਤ ਹੋਈ। ਪਰਮੇਸ਼ੁਰ ਨੇ ਮੂਸਾ ਨੂੰ ਬਿਵਸਥਾ ਦੇਣ ਤੋਂ ਬਾਅਦ ਇਹ ਸੰਕੇਤ ਦੇ ਕੇ ਸਿੱਟਾ ਕੱਢਿਆ ਕਿ ਬਸਲਏਲ ਅਤੇ ਆਹਾਲੀਆਬ ਡੇਹਰੇ ਦੇ ਬਣਾਉਣ ਦੀ ਅਗਵਾਈ ਕਰਣਗੇ (31:1-6)। ਉਸ ਨੇ ਸਮੀਖਿਆ ਕੀਤੀ ਕਿ ਕੀ ਬਣਾਇਆ ਜਾਣਾ ਹੈ (31:7-11) ਅਤੇ ਮੂਸਾ ਨੂੰ ਯਾਦ ਦਿਵਾਇਆ ਕਿ ਇਸਰਾਏਲ ਨੂੰ ਸਬਤ ਦਾ ਪਾਲਣ ਕਰਨਾ ਚਾਹੀਦਾ ਹੈ (31:12-17)। ਸੁਨੇਹੇ ਦੇ ਖਤਮ ਹੋਣ ਦਾ ਸੰਕੇਤ ਇਸ ਗੱਲ ਦੇ ਨਾਲ ਦਿੱਤਾ ਗਿਆ ਹੈ ਕਿ ਜਦ ਪਰਮੇਸ਼ੁਰ ਉਸ ਨਾਲ "ਗੱਲਾਂ ਕਰ ਚੁੱਕਿਆ" ਅਤੇ "ਮੂਸਾ ਨੂੰ ... ਦੋਵੇਂ ਫੱਟੀਆਂ ਪਰਮੇਸ਼ੁਰ ਦੀ ਉਂਗਲੀ ਨਾਲ ਲਿਖੀਆਂ ਹੋਈਆਂ ਦਿੱਤੀਆਂ" (31:18)। ਅਧਿਆਇ 32 ਵਿਚ ਦਰਜ ਪਾਪ ਤੋਂ ਬਾਅਦ ਪ੍ਰਭੂ ਕੋਲ ਕਹਿਣ ਦੇ ਲਈ ਕੁੱਝ ਹੋਰ ਵੀ ਹੋਵੇਗਾ, ਪਰ ਪਹਿਲਾਂ ਪ੍ਰਕਾਸ਼ਣ ਪੂਰਾ ਹੋ ਗਿਆ ਸੀ।

## ਡੇਹਰੇ ਨੂੰ ਬਣਾਉਣ ਵਾਲੇ ਅਤੇਬਣਾਉਣ ਦੀਆਂ ਯੋਜਨਾਵਾਂ (31:1-11)

**[1]ਯਹੋਵਾਹ ਨੇ ਮੂਸਾ ਨੂੰ ਫ਼ਰਮਾਇਆ ਕਿ। [2]ਵੇਖ ਮੈਂ ਬਸਲਏਲ ਨੂੰ ਜਿਹੜਾ ਊਰੀ ਦਾ ਪੁੱਤ੍ਰ ਅਤੇ
ਹੂਰ ਦਾ ਪੋਤ੍ਰਾ ਅਰ ਯਹੂਦਾਹ ਦੀ ਗੋਤ ਦਾ ਹੈ ਨਾਉਂ ਲੈਕੇ ਸੱਦਿਆ ਹੈ। [3]ਅਤੇ ਮੈਂ ਉਹ ਨੂੰ ਪਰਮੇਸ਼ੁਰ
ਦੇ ਆਤਮਾ ਤੋਂ ਬੁੱਧ ਸਮਝ ਵਿੱਦਿਆ ਅਤੇ ਸਾਰੀ ਕਾਰੀਗਰੀ ਨਾਲ ਭਰਪੂਰ ਕੀਤਾ ਹੈ। [4]ਕਿ ਉਹ
ਚਤਰਾਈ ਦੇ ਕੰਮ ਦੀ ਵਿਚਾਰ ਕਰੇ ਅਤੇ ਸੋਨੇ ਚਾਂਦੀ ਅਤੇ ਪਿੱਤਲ ਦਾ ਕੰਮ ਕਰੇ। [5]ਨਾਲੇ ਜੋੜਨ
ਲਈ ਪੱਥਰਾਂ ਦੀ ਉੱਕਰਾਈ ਅਤੇ ਲੱਕੜੀ ਦੀ ਉੱਕਰਾਈ ਕਰੇ ਅਰ ਸਾਰੀ ਕਾਰੀਗਰੀ ਨਾਲ ਕਰੇ।
[6]ਅਤੇ ਵੇਖ ਮੈਂ ਉਹ ਦੇ ਨਾਲ ਅਹੀਸਾਮਾਕ ਦੇ ਪੁੱਤ੍ਰ ਆਹਾਲੀਆਬ ਨੂੰ ਜਿਹੜਾ ਦਾਨ ਦੇ ਗੋਤ ਦਾ
ਹੈ ਥਾਪਿਆ ਅਤੇ ਸਾਰੇ ਸਿਆਣਿਆਂ ਦੇ ਹਿਰਦਿਆਂ ਵਿੱਚ ਬੁੱਧ ਪਾ ਦਿੱਤੀ ਤਾਂ ਜੋ ਓਹ ਜੋ ਕੁਝ ਮੈਂ
ਤੈਨੂੰ ਹੁਕਮ ਦਿੱਤਾ ਬਣਾਉਣ। [7]ਅਰਥਾਤ ਮੰਡਲੀ ਦਾ ਤੰਬੂ ਅਤੇ ਸਾਖੀ ਦਾ ਸੰਦੂਕ ਅਤੇ ਪਰਾਸਚਿਤ
ਦਾ ਸਰਪੋਸ਼ ਜਿਹੜਾ ਉਸ ਦੇ ਉੱਤੇ ਹੈ ਅਤੇ ਤੰਬੂ ਦਾ ਸਾਰਾ ਸਮਾਨ। [8]ਨਾਲੇ ਮੇਜ਼ ਅਰ ਉਸ ਦਾ
ਸਮਾਨ ਅਤੇ ਖ਼ਾਲਸ ਸ਼ਮਾਦਾਨ ਅਤੇ ਉਸ ਦਾ ਸਾਰਾ ਸਮਾਨ ਅਤੇ ਧੂਪ ਦੀ ਜਗਵੇਦੀ। [9]ਅਤੇ ਹੋਮ
ਦੀ ਭੇਟ ਦੀ ਜਗਵੇਦੀ ਅਰ ਉਸ ਦਾ ਸਾਰਾ ਸਮਾਨ ਅਤੇ ਹੌਦ ਅਰ ਉਸ ਦੀ ਚੌਂਕੀ। [10]ਅਤੇ ਮਹੀਨ
ਉਣੇ ਹੋਏ ਬਸਤ੍ਰ ਅਤੇ ਹਾਰੂਨ ਜਾਜਕ ਦੇ ਪਵਿੱਤ੍ਰ ਬਸਤ੍ਰ ਅਤੇ ਉਸ ਦੇ ਪੁੱਤ੍ਰਾਂ ਦੇ ਬਸਤ੍ਰ ਜਦ ਓਹ
ਜਾਜਕਾਈ ਦੀ ਉਪਾਸਨਾ ਕਰਨ। [11]ਅਤੇ ਮਸਹ ਕਰਨ ਦਾ ਤੇਲ ਅਰ ਸੁਗੰਧ ਵਾਲੀ ਧੂਪ ਪਵਿੱਤ੍ਰ
ਅਸਥਾਨ ਲਈ ਜੋ ਕੁਝ ਮੈਂ ਤੈਨੂੰ ਹੁਕਮ ਦਿੱਤਾ ਉਸ ਦੇ ਅਨੁਸਾਰ ਓਹ ਕਰਨ।**

**ਆਇਤਾਂ 1, 2.** ਡੇਹਰੇ ਦੇ ਸਥਾਨ ਦੀ ਯੋਜਨਾ ਦੇ ਅਨੁਸਾਰ, ਉਸਾਰੀ ਦੇ ਕੰਮ ਵਿਚ ਅਗਵਾਈ ਕਰਨ ਦੇ ਲਈ ਪਰਮੇਸ਼ੁਰ ਨੇ **ਬਸਲਏਲ** ਨੂੰ ਨਿਯੁਕਤ ਕੀਤਾ ਸੀ। ਉਹ ਸਪੱਸ਼ਟ ਤੌਰ ਤੇ **ਹੂਰ** ਦਾ ਪੋਤਰਾ ਅਤੇ **ਯਹੂਦਾਹ ਦੀ ਗੋਤ** ਦਾ ਸੀ (17:10; 24:14)।

**ਆਇਤ 3.** ਬਸਲਏਲ ਨੂੰ ਇਸ ਕੰਮ ਦੇ ਲਈ ਚੰਗੀ ਤਰ੍ਹਾਂ ਤਿਆਰ ਕੀਤਾ ਗਿਆ ਸੀ, ਕਿਉਂਕਿ ਉਸ ਨੂੰ **ਪਰਮੇਸ਼ੁਰ ਦੇ ਆਤਮਾ ਤੋਂ ਬੁੱਧ ਸਮਝ ਵਿੱਦਿਆ ਅਤੇ ਸਾਰੀ ਕਾਰੀਗਰੀ ਨਾਲ ਭਰਪੂਰ ਕੀਤਾ** ਗਿਆ ਸੀ। ਹੋਰਨਾਂ ਸ਼ਬਦਾਂ ਵਿਚ, ਬਸਲਏਲ ਕੋਲ ਯੋਜਨਾ ਦੀ ਨਿਗਰਾਨੀ ਕਰਨ ਦੇ ਲਈ ਸਾਰੇ ਲੋੜੀਂਦੇ ਹੁਨਰ ਸਨ, ਅਤੇ ਇਹ ਉਸ ਦੇ ਕੋਲ ਸਨ ਕਿਉਂਕਿ ਉਸ ਨੇ ਉਨ੍ਹਾਂ ਨੂੰ ਪਰਮੇਸ਼ੁਰ ਦੇ ਕੋਲੋਂ ਪ੍ਰਾਪਤ ਕੀਤਾ ਸੀ।

ਆਰ. ਐਲਨ ਕੋਲ ਨੇ ਲਿਖਿਆ, "ਪੁਰਾਣੇ ਨੇਮ ਦੇ ਸ਼ੁਰੂਆਤੀ ਦਿਨਾਂ ਵਿਚ, ਹਰ ਕਿਸਮ ਦੇ ਹੁਨਰ ਅਤੇ ਸਮੱਰਥ ਅਤੇ ਕੁਸ਼ਲਤਾ ਨੂੰ ਸਿੱਧੇ ਅਤੇ ਸਪੱਸ਼ਟ ਤੌਰ ਤੇ 'ਪਰਮੇਸ਼ੁਰ ਦੇ ਆਤਮਾ' ਦੇ ਨਾਲ ਜੋੜਿਆ ਜਾਂਦਾ ਸੀ। ਅਜਿਹਾ ਇਸ ਲਈ ਹੈ ਕਿਉਂਕਿ ਪਰਮੇਸ਼ੁਰ ਨੂੰ ਯੋਗ ਰੀਤਿ ਦੇ ਨਾਲ ਸਾਰੀ ਬੁੱਧ ਦੇ ਸੋਮੇ ਦੇ ਰੂਪ ਵਿਚ ਵੇਖਿਆ ਜਾਂਦਾ ਹੈ।"[1] ਐੱਸ. ਆਰ. ਡਰਾਈਵਰ ਨੇ ਉਲੇਖ ਕੀਤਾ ਕਿ "[ਪੁਰਾਣੇ ਨੇਮ] ਵਿਚ ਪਰਮੇਸ਼ੁਰ ਦੇ ਆਤਮਾ ਨੂੰ ਕਿਸੇ ਵੀ *ਅਸਧਾਰਣ* ਸ਼ਕਤੀ ਜਾਂ ਗਤੀਵਿਧੀ ਅਤੇ ਉਸ ਦੇ ਨਾਲ ਨਾਲ ਰੱਬੀ ਆਤਮਿਕ ਵਰਦਾਨਾਂ" ਦੇ ਸੋਮੇ ਦੇ ਰੂਪ ਵਿਚ ਮੰਨਿਆ ਜਾਂਦਾ ਸੀ ਅਤੇ ਕਿਹਾ ਗਿਆ ਹੈ ਕਿ ਇੱਥੇ ਵਾਕ ਦਾ ਉਪਯੋਗ "ਅਸਧਾਰਣ *ਕਲਾਤਮਕ* ਯੋਗਤਾ ਦੇ ਰੂਪ ਵਿਚ ਕੀਤਾ ਗਿਆ ਹੈ।"[2] ਜੇ. ਫ਼ਿਲਿੱਪ ਹਯਾਤ ਨੇ "ਆਤਮਾ" ਨੂੰ "ਬਾਹਰ ਜਾਣ ਵਾਲੀ ਸ਼ਕਤੀ"[3] ਦੇ ਰੂਪ ਵਿਚ ਪਰਿਭਾਸ਼ਤ ਕੀਤਾ ਹੈ।

**ਆਇਤਾਂ 4, 5.** ਬਸਲਏਲ ਦੀਆਂ ਯੋਗਤਾਵਾਂ ਦੀ ਸ਼੍ਰੇਣੀ ਵਿਚ ਕੀਮਤੀ ਧਾਤਾਂ (**ਸੋਨੇ**, **ਚਾਂਦੀ**, ਅਤੇ **ਪਿੱਤਲ**) ਦੇ ਨਾਲ ਵਰਤਣ ਦੇ ਲਈ **ਚਤਰਾਈ ਦੇ ਕੰਮ, ਪੱਥਰਾਂ ਦੀ ਉੱਕਰਾਈ ਅਤੇ ਲੱਕੜੀ ਦੀ ਉੱਕਰਾਈ ...** ਕਰਨਾ ਸ਼ਾਮਲ ਸੀ। ਇਹ ਸੂਚੀ ਉਸ ਨੂੰ ਪਰਮੇਸ਼ੁਰ ਦੁਆਰਾ ਦਿੱਤੇ ਗਏ ਕਈ ਹੁਨਰਾਂ ਦੇ ਸੰਖੇਪ ਸਾਰ ਵਜੋਂ ਕੰਮ ਕਰਦੀ ਹੈ। ਦੁਹਰਾਏ ਗਏ ਵਾਕ **ਸਾਰੀ ਕਾਰੀਗਰੀ** ਦੇ ਦੁਆਰਾ ਉਸ ਦੀ ਯੋਗਤਾ ਤੇ ਜ਼ੋਰ ਦਿੱਤਾ ਗਿਆ ਹੈ (31:3, 5)।

**ਆਇਤ 6.** ਬਸਲਏਲ ਦਾ ਸਹਾਇਕ ਸੀ **ਆਹਾਲੀਆਬ ... ਦਾਨ ਦੇ ਗੋਤ** ਦਾ ਸੀ। ਉਸ ਦਾ ਜ਼ਿਕਰ ਅਕਸਰ ਬਸਲਏਲ ਦੇ ਨਾਲ ਆਉਂਦਾ ਹੈ (35:30, 34; 36:1, 2; 38:22, 23), ਪਰ ਹਮੇਸ਼ਾ ਉਸ ਤਰੀਕੇ ਦੇ ਨਾਲ ਜਿਸ ਤੋਂ ਸੰਕੇਤ ਮਿਲਦਾ ਹੈ ਕਿ ਉਹ ਬਸਲਏਲ ਦਾ ਸਹਾਇਕ (**ਉਹ ਦੇ ਨਾਲ**) ਸੀ। ਇਸ ਤੋਂ ਇਲਾਵਾ, ਲਿਖਤ ਵਿਚ ਹੋਰਨਾਂ ਲੋਕਾਂ ਦਾ ਵੀ ਜ਼ਿਕਰ ਕੀਤਾ ਗਿਆ ਹੈ ਜਿਨ੍ਹਾਂ ਦੇ ਅੰਦਰ ਪਰਮੇਸ਼ੁਰ ਨੇ **ਬੁੱਧ** ਪਾ ਦਿੱਤੀ ਸੀ। ਸਿਰਫ ਬਸਲਏਲ ਅਤੇ ਆਹਾਲੀਆਬ ਨੂੰ ਆਪ ਹੀ ਕੰਮ ਨਹੀਂ ਕਰਨਾ ਪੈਂਦਾ ਸੀ, ਕਿਉਂਕਿ ਪਰਮੇਸ਼ੁਰ ਨੇ ਉਨ੍ਹਾਂ ਦੀ ਮਦਦ ਕਰਨ ਦੇ ਲਈ ਹੋਰਨਾਂ ਨੂੰ ਵੀ ਲੋੜੀਂਦੀ ਯੋਗਤਾ ਪ੍ਰਦਾਨ ਕੀਤੀ ਸੀ। ਲਿਖਤ ਇਸ ਗੱਲ ਤੇ ਜ਼ੋਰ ਦਿੰਦੀ ਹੈ ਕਿ ਇਨ੍ਹਾਂ ਕਾਰੀਗਰਾਂ ਦੇ ਕੋਲ ਜੋ ਵੀ ਹੁਨਰ ਸਨ, ਉਹ ਉਨ੍ਹਾਂ ਨੇ ਪਰਮੇਸ਼ੁਰ ਕੋਲੋਂ ਪ੍ਰਾਪਤ ਕੀਤੇ ਸਨ। ਕਿਸੇ ਨੇ ਕਿਹਾ ਹੈ, "ਜਿੱਥੇ ਪਰਮੇਸ਼ੁਰ ਅਗਵਾਈ ਕਰਦਾ ਹੈ, ਉੱਥੇ ਪਰਮੇਸ਼ੁਰ ਮੁਹੱਈਆ ਕਰਦਾ ਹੈ।" ਡੇਹਰੇ ਦੇ ਨਿਰਮਾਣ ਵਿਚ, ਪਰਮੇਸ਼ੁਰ ਨੇ ਮੂਸਾ ਦਾ ਮਾਰਗ ਦਰਸ਼ਣ ਕੀਤਾ ਕਿ ਨਿਰਮਾਣ ਕਿਵੇਂ ਕਰਨਾ ਹੈ ਅਤੇ ਫਿਰ ਕਾਮਿਆਂ ਨੂੰ ਇਮਾਰਤ ਬਣਾਉਣ ਦੇ ਲਈ ਮੁਹੱਈਆ ਕੀਤਾ।

**ਆਇਤਾਂ 7-11.** ਡੇਹਰੇ ਦੇ ਸੰਬੰਧ ਵਿਚ ਪਰਮੇਸ਼ੁਰ ਦੀਆਂ ਹਿਦਾਇਤਾਂ ਉਸ ਦੇ ਸਾਰ ਨਾਲ ਸਮਾਪਤ ਹੁੰਦੀਆਂ ਹਨ ਕਿ ਬਣਾਉਣ ਵਾਲਿਆਂ ਨੇ ਕੀ ਬਣਾਉਣਾ ਸੀ। ਪਿਛਲੇ ਛੇ ਅਧਿਆਇਆਂ ਵਿਚ ਤਕਰੀਬਨ ਜਿਸ ਜਿਸ ਚੀਜ਼ ਦਾ ਨਿਰਦੇਸ਼ ਦਿੱਤਾ ਗਿਆ ਸੀ ਉਸ ਦਾ ਨਾਮ ਹੈ। ਹਵਾਲੇ ਦਾ ਇਰਾਦੇ ਨਾਲ ਮੂਸਾ ਨੇ ਉਸਾਰੀ ਕਰਨ ਵਾਲਿਆਂ ਤੇ ਪ੍ਰਭਾਵ ਪਾਇਆ ਕਿ ਉਨ੍ਹਾਂ ਨੇ ਹਰ ਉਸ ਚੀਜ਼ ਨੂੰ ਬਣਾਉਣਾ ਹੈ ਜਿਸ ਦਾ ਪ੍ਰਭੂ ਨੇ **ਹੁਕਮ ਦਿੱਤਾ** ਸੀ। ਇਸ ਬਿੰਦੂ ਨੂੰ ਜ਼ੋਰ ਦੇਣ ਦੇ ਲਈ ਦੁਹਰਾਇਆ ਗਿਆ ਸੀ (31:16, 11)।

| ਹਿਦਾਇਤਾਂ (ਅਧਿਆਇ 25-30) | ਸਾਰ (ਅਧਿਆਇ 31) |
|---|---|
| ਸਾਖੀ ਦਾ ਸੰਦੂਕ (25:10-16) | ਸਾਖੀ ਦਾ ਸੰਦੂਕ (31:7) |
| ਪਰਾਸਚਿਤ ਦਾ ਸਰਪੋਸ਼ (25:17-22) | ਪਰਾਸਚਿਤ ਦਾ ਸਰਪੋਸ਼ (31:7) |
| ਹਜ਼ੂਰੀ ਦੀ ਰੋਟੀ ਦਾ ਮੇਜ਼ (25:23-30) | ਮੇਜ਼ (31:8) |
| ਸੋਨੇ ਦਾ ਸ਼ਮਾਦਾਨ (25:31-39) | ਸੋਨੇ ਦਾ ਸ਼ਮਾਦਾਨ (31:8) |
| ਡੇਹਰਾ (26:1-30) | ਮੰਡਲੀ ਦਾ ਤੰਬੂ (31:7) |
| ਪੜਦਾ (26:31-35) | — |
| ਓਟ (26:36, 37) | — |
| ਪਿੱਤਲ ਦੀ ਜਗਵੇਦੀ (27:1-8) | ਹੋਮ ਦੀ ਭੇਟ ਦੀ ਜਗਵੇਦੀ (31:9) |
| ਹਾਤਾ (27:9-19) | — |
| ਸ਼ਮਾਦਾਨ ਦਾ ਤੇਲ (27:20, 21) | — |
| ਜਾਜਕਾਂ ਦੇ ਬਸਤ੍ਰ (28:1-43) | ਜਾਜਕਾਂ ਦੇ ਬਸਤ੍ਰ (31:10) |
| ਧੂਪ ਦੀ ਜਗਵੇਦੀ (30:1-10) | ਧੂਪ ਦੀ ਜਗਵੇਦੀ (31:8) |
| ਪਿੱਤਲ ਦਾ ਹੌਦ (30:17-21) | ਹੌਦ (31:9) |
| ਮਸਹ ਦਾ ਤੇਲ (30:22-23) | ਮਸਹ ਦਾ ਤੇਲ (31:11) |
| ਧੂਪ (30:34-38) | ਸੁਗੰਧ ਵਾਲੀ ਧੂਪ (31:11) |

## ਸਬਤ ਦੇ ਹੁਕਮ ਦਾ ਦੁਹਰਾਇਆ ਜਾਣਾ (31:12-17)

**[12]ਫੇਰ ਯਹੋਵਾਹ ਨੇ ਮੂਸਾ ਨੂੰ ਫ਼ਰਮਾਇਆ ਕਿ। [13]ਤੂੰ ਇਸਰਾਏਲੀਆਂ ਨੂੰ ਬੋਲ ਭਈ ਮੇਰੇ ਸਬਤਾਂ**
**ਦੀ ਜਰੂਰ ਮਨੌਤ ਕਰਿਓ ਕਿਉਂ ਜੋ ਉਹ ਮੇਰੇ ਵਿੱਚ ਅਤੇ ਤੁਹਾਡੇ ਵਿੱਚ ਤੁਹਾਡੀਆਂ ਪੀੜ੍ਹੀਆਂ ਤੀਕ**
**ਇੱਕ ਨਿਸ਼ਾਨ ਹੈ ਭਈ ਤੁਸੀਂ ਜਾਣੋ ਕਿ ਮੈਂ ਯਹੋਵਾਹ ਤੁਹਾਡਾ ਪਵਿੱਤ੍ਰ ਕਰਨ ਵਾਲਾ ਹਾਂ। [14]ਅਤੇ ਤੁਸੀਂ**
**ਸਬਤ ਦੀ ਮਨੌਤ ਕਰਿਓ ਕਿਉਂ ਜੋ ਉਹ ਤੁਹਾਡੇ ਲਈ ਪਵਿੱਤ੍ਰ ਹੈ। ਜਿਹੜਾ ਉਹ ਨੂੰ ਭਰਿਸ਼ਟ ਕਰੇ**
**ਉਹ ਜਰੂਰ ਮਾਰਿਆ ਜਾਵੇ ਕਿਉਂ ਕਿ ਜੇ ਕੋਈ ਉਸ ਵਿੱਚ ਕੰਮ ਕਰੇ ਉਹ ਪਰਾਣੀ ਆਪਣੇ ਲੋਕਾਂ**
**ਵਿੱਚੋਂ ਛੇਕਿਆ ਜਾਵੇ। [15]ਛੇ ਦਿਨ ਕੰਮ ਕੀਤਾ ਜਾਵੇ ਪਰ ਸੱਤਵਾਂ ਦਿਨ ਵਿਸਰਾਮ ਦਾ ਸਬਤ ਯਹੋਵਾਹ**
**ਲਈ ਪਵਿੱਤ੍ਰ ਹੈ। ਜੋ ਕੋਈ ਸਬਤ ਦੇ ਦਿਨ ਵਿੱਚ ਕੰਮ ਕਰੇ ਉਹ ਜਰੂਰ ਮਾਰਿਆ ਜਾਵੇ। [16]ਉਪਰੰਤ**
**ਇਸਰਾਏਲੀ ਸਬਤ ਦੀ ਮਨੌਤ ਕਰਨ ਅਤੇ ਆਪਣੀਆਂ ਪੀੜ੍ਹੀਆਂ ਤੀਕ ਇੱਕ ਵਿਸਰਾਮ ਦਾ ਦਿਨ**
**ਕਰ ਕੇ ਮੰਨਣ ਕਿਉਂ ਜੋ ਉਹ ਸਦਾ ਲਈ ਇੱਕ ਨੇਮ ਹੈ। [17]ਉਹ ਮੇਰੇ ਵਿੱਚ ਅਤੇ ਇਸਰਾਏਲੀਆਂ**
**ਵਿੱਚ ਸਦਾ ਲਈ ਇੱਕ ਨਿਸ਼ਾਨ ਹੈ ਕਿਉਂ ਕਿ ਛੇ ਦਿਨਾਂ ਵਿੱਚ ਯਹੋਵਾਹ ਨੇ ਅਕਾਸ਼ ਅਤੇ ਧਰਤੀ ਨੂੰ**
**ਬਣਾਇਆ ਅਤੇ ਸੱਤਵੇਂ ਦਿਨ ਵਿਸਰਾਮ ਕੀਤਾ ਅਤੇ ਸ਼ਾਂਤ ਪਾਈ।**

ਪਹਾੜ ਉੱਤੇ ਪਰਮੇਸ਼ੁਰ ਵੱਲੋਂ ਮੂਸਾ ਨੂੰ ਦਿੱਤੇ ਜਾਣ ਵਾਲੇ ਸੰਦੇਸ਼ ਦੇ ਸਮਾਪਤ ਹੋਣ ਤੋਂ ਪਹਿਲਾਂ,

ਪਰਮੇਸ਼ੁਰ ਨੇ ਫਿਰ ਤੋਂ ਸਬਤ ਦਾ ਹੁਕਮ ਦਿੱਤਾ। ਇਹ ਪਹਿਲਾਂ ਮੰਨ ਦੇ ਪ੍ਰਬੰਧ (16:22-30) ਅਤੇ ਦਸਾਂ ਹੁਕਮਾਂ ਵਿਚੋਂ ਇੱਕ ਦੇ ਰੂਪ ਵਿਚ ਦਿੱਤਾ ਗਿਆ ਸੀ (20:8-11)। ਇਸ ਨੂੰ ਨੇਮ ਦੀ ਪੁਸਤਕ ਦੇ ਅੰਤ ਦੇ ਆਸ ਪਾਸ ਵੀ ਦੁਹਰਾਇਆ ਗਿਆ ਸੀ (23:12)। ਕੂਚ ਦੀ ਪੁਸਤਕ ਦੇ ਸਮਾਪਤ ਹੋਣ ਤੋਂ ਪਹਿਲਾਂ ਇਹ ਹੁਕਮ ਦੋ ਵਾਰ ਹੋਰ ਪਾਇਆ ਜਾਂਦਾ ਹੈ (34:21; 35:1-3)।

ਕੋਈ ਵੀ ਨਿਸ਼ਚਤ ਤੌਰ ਤੇ ਇਹ ਨਹੀਂ ਕਹਿ ਸਕਦਾ ਕਿ ਪਹਾੜ ਤੋਂ ਹੇਠਾਂ ਉਤਰਣ ਤੋਂ ਪਹਿਲਾਂ ਸਬਤ ਦਾ ਹੁਕਮ ਮੂਸਾ ਨੂੰ ਦਿੱਤਾ ਗਿਆ ਆਖਰੀ ਹੁਕਮ ਸੀ, ਪਰ ਇੱਥੇ ਘੱਟੋ ਘੱਟ ਦੋ ਸੰਭਾਵਨਾਵਾਂ ਹਨ। ਸ਼ਾਇਦ ਹੁਕਮ ਦਾ ਦੁਹਰਾਇਆ ਜਾਣਾ ਪੂਰੇ ਭਾਗ ਦੇ ਜ਼ੋਰ ਦੇ ਨਾਲ ਚੰਗੀ ਤਰ੍ਹਾਂ ਨਾਲ ਫਿਟ ਬੈਠਦਾ ਹੈ। ਕਿਉਂਕਿ ਨੈਤਿਕਤਾ ਅਤੇ ਸਦਾਚਾਰ ਦੀ ਬਜਾਇ ਸਬਤ ਦਾ ਵਧੇਰੇ ਸੰਬੰਧ ਸੰਸਕਾਰ ਦੇ ਨਾਲ ਹੈ, ਇਹ ਹੁਕਮ ਇੱਕ ਭਾਗ ਨਾਲ ਮਿਲਦਾ-ਜਾਲਦਾ ਹੈ ਜੋ ਜ਼ਿਆਦਾਤਰ ਡੇਹਰੇ ਤੇ ਜਾਜਕਪੁਣੇ ਦੇ ਵਿਸ਼ੇ ਵਿਚ ਹੈ। ਜੌਨ ਆਈ. ਡਰਹਮ ਨੇ ਲਿਖਿਆ,

> [ਸਬਤ ਦੀਆਂ ਹਿਦਾਇਤਾਂ] ਬੰਦਗੀ ਦੀ ਮੀਡਿਆ ਨਾਲ ਸੰਬੰਧਤ ਨਿਰਦੇਸ਼ਾਂ ਦੀ ਪੂਰੀ ਲੜੀ ਦੇ ਸਿੱਟੇ ਦੇ ਰੂਪ ਵਿਚ ਹਨ, ਯਹੋਵਾਹ ਦੀ ਹਜ਼ੂਰੀ ਦੀ ਅਸਲੀਅਤ ਪ੍ਰਤਿਬਿੰਬਿਤ ਕਰਨ ਲਈ ਰੁੱਕਣ ਦੇ ਮਹੱਤਵ ਤੇ ਧਿਆਨ ਦੇਣ ਦੇ ਲਈ ਬਣਾਇਆ ਗਿਆ ਇੱਕ ਪਰਿਣਾਮ, ਬੰਦਗੀ ਵਿਚ ਉਸ ਹਜ਼ੂਰੀ ਨੂੰ ਸਨਮਾਨਿਤ ਕਰਨ ਦੇ ਲਈ ਇੱਕ ਨਿਯਮਿਤ ਸਮਾਂ ਪ੍ਰਦਾਨ ਕਰਨਾ।[4]

ਇੱਕ ਹੋਰ ਸੰਭਾਵਨਾ ਇਹ ਹੈ ਕਿ, ਕਿਉਂਕਿ ਪ੍ਰਸੰਗ ਡੇਹਰੇ ਦਾ ਨਿਰਮਾਣ ਹੈ, ਪਰ ਲੋਕਾਂ ਨੂੰ ਇਹ ਯਾਦ ਦਿਵਾਉਣ ਦੇ ਲਈ ਸੀ ਕਿ ਉਨ੍ਹਾਂ ਨੇ ਸਬਤ ਦੇ ਦਿਨ ਵਿਚ ਕੰਮ ਨਹੀਂ ਕਰਨਾ ਸੀ - ਭਾਵੇਂ ਉਹ ਕੰਮ ਡੇਹਰੇ ਦਾ ਕੰਮ ਵੀ ਕਿਉਂ ਨਾ ਹੋਵੇ।[5]

**ਆਇਤਾਂ 12, 13. ਸਬਤਾਂ** (ਸਬਤ) **ਯਹੋਵਾਹ** ਅਤੇ **ਇਸਰਾਏਲੀਆਂ** ਦੇ ਵਿਚਕਾਰ ਇੱਕ **ਨਿਸ਼ਾਨ** ਸੀ (31:13, 17); ਇਹ ਉਸ ਨੇਮ ਦੀ ਨਿਸ਼ਾਨੀ ਸੀ ਜੋ ਪਰਮੇਸ਼ੁਰ ਨੇ ਇਸਰਾਏਲੀਆਂ ਦੇ ਨਾਲ ਬੰਨ੍ਹਿਆ ਸੀ। ਜਿਵੇਂ ਸਤਰੰਗੀ ਪੀਂਘ ਨੂਹ ਦੇ ਨੇਮ ਦੇ ਨਿਸ਼ਾਨ ਸੀ, ਅਤੇ ਖਤਨਾ ਅਬਰਾਹਾਮ ਦੇ ਨੇਮ ਦਾ ਨਿਸ਼ਾਨ ਹੈ, ਉਸੇ ਤਰ੍ਹਾਂ ਸਬਤ ਦੀ ਮਨੌਤ ਮੂਸਾ ਦੇ ਨੇਮ ਦਾ ਇੱਕ ਨਿਸ਼ਾਨ ਸੀ। ਜਦੋਂ ਤੱਕ ਇਸਰਾਏਲੀਆਂ ਨੇ ਸਬਤ ਦੇ ਦਿਨ ਦੀ ਮਨੌਤ ਕੀਤੀ, ਉਨ੍ਹਾਂ ਨੇ ਇਸ ਤੱਥ ਦੀ ਗਵਾਹੀ ਦਿੱਤੀ ਕਿ ਉਹ ਪਰਮੇਸ਼ੁਰ ਦੇ ਲੋਕ ਹਨ ਜਿਨ੍ਹਾਂ ਨੂੰ ਉਸ ਨੇ ਮਿਸਰ ਵਿਚੋਂ ਛੁਡਾਇਆ ਸੀ (ਬਿਵਸਥਾ ਸਾਰ 5:12-15)।

**ਆਇਤ 14. ਸਬਤ** ਨੂੰ ਤੋੜਣ ਦੀ ਸਜ਼ਾ **ਮਾਰਿਆ** (ਜਾਣਾ) ਸੀ। ਇਸ ਹਵਾਲੇ ਵਿਚ, ਪਹਿਲੀ ਵਾਰ ਬਿਵਸਥਾ ਇਸ ਗੱਲ ਨੂੰ ਪਰਗਟ ਕਰਦੀ ਹੈ ਕਿ ਸਬਤ ਨੂੰ ਤੋੜਣਾ ਮੌਤ ਦੀ ਸਜ਼ਾ ਦੇ ਲਾਇਕ ਅਪਰਾਧ ਸੀ। ਇਸ ਤੱਥ ਨੂੰ 35:2 ਵਿਚ ਦੁਬਾਰਾ ਦੱਸਿਆ ਗਿਆ ਹੈ ਅਤੇ ਗਿਣਤੀ 15 ਵਿਚ ਦਰਸਾਇਆ ਗਿਆ ਹੈ। ਪਰਮੇਸ਼ੁਰ ਚਾਹੁੰਦਾ ਸੀ ਕਿ ਉਸ ਦੇ ਲੋਕ ਇਸ ਗੱਲ ਨੂੰ ਸਮਝਣ ਕਿ ਉਸ ਦੇ ਲੋਕ ਬਿਨਾਂ ਸਿੱਟਿਆਂ ਤੋਂ ਉਸ ਦੇ ਕਿਸੇ ਵੀ ਕਾਨੂੰਨ ਨੂੰ ਤੋੜ ਨਹੀਂ ਸਕਦੇ।

ਹਵਾਲਾ "ਮਾਰਿਆ ਜਾਵੇ" ਦੇ ਨਾਲ **ਆਪਣੇ ਲੋਕਾਂ ਵਿੱਚੋਂ ਛੇਕਿਆ ਜਾਵੇ** ਦੀ ਵਰਤੋਂ ਕਰਦਾ ਪਰਗਟ ਹੁੰਦਾ ਹੈ। ਇਸ ਲਈ, ਜਾਹਿਰ ਤੌਰ ਤੇ "ਮਾਰਿਆ ਜਾਵੇ" "ਛੇਕਿਆ ਜਾਵੇ" ਦੇ ਸਮਾਨ ਹੈ। ਪਰ, ਕੁੱਝ ਵਿਦਵਾਨ, ਦੋਵਾਂ ਸਜ਼ਾਵਾਂ ਦੇ ਵਿਚਕਾਰ ਇਹ ਕਹਿੰਦੇ ਹੋਏ ਅੰਤਰ ਕਰਦੇ ਹਨ ਕਿ "ਛੇਕਿਆ ਜਾਵੇ" ਸਮਾਜ ਵਿਚੋਂ ਕੱਢ ਦਿੱਤੇ ਜਾਣ ਦਾ ਸੁਝਾਅ ਦਿੰਦਾ ਹੈ। ਜੇਕਰ ਅੰਤਰ ਸੀ, ਤਾਂ ਲਾਗੂ ਕੀਤੀ ਗਈ ਸਜ਼ਾ ਹਾਲਾਤਾਂ ਤੇ ਨਿਰਭਰ ਹੋਣੀ ਚਾਹੀਦੀ ਹੈ (ਉਦਾਹਰਣ ਦੇ ਲਈ, ਇਸ ਗੱਲ ਉੱਤੇ ਕਿ ਪਾਪ ਜਾਣ ਬੁੱਝ ਕੇ ਕੀਤਾ ਗਿਆ ਸੀ ਜਾਂ ਨਹੀਂ)।[6]

**ਆਇਤ 15. ਸਬਤ** ਦੇ ਨੇਮ ਵਿਚ **ਵਿਸਰਾਮ** ਦੀ ਲੋੜ ਸੀ। ਸਬਤ ਦਾ ਦਿਨ **ਪਵਿੱਤ੍ਰ** ਹੋਣਾ

ਸੀ, ਜਾਂ ਵੱਖਰਾ ਕੀਤਾ ਜਾਣਾ ਸੀ, ਹਫ਼ਤੇ ਦੇ ਇੱਕ ਅਜਿਹੇ ਦਿਨ ਦੇ ਸਮਾਨ ਜਿਸ ਵਿਚ ਇਸਰਾਏਲੀਆਂ ਨੇ **ਕੰਮ** ਨਹੀਂ ਕਰਨਾ ਸੀ।

**ਆਇਤਾਂ 16, 17. ਸਬਤ** ਦੀ ਮਨੌਤ ਮੂਸਾ ਦੇ ਸੰਪੂਰਣ ਯੁੱਗ ਤਕ ਰਹਿਣੀ ਸੀ: **ਆਪਣੀਆਂ ਪੀੜ੍ਹੀਆਂ ਤੀਕ ਸਦਾ ਲਈ ਇੱਕ ਨੇਮ** ਦੇ ਰੂਪ ਵਿਚ। ਪਰਮੇਸ਼ੁਰ ਨੇ ਕਿਹਾ, "[ਇਹ]" **ਮੇਰੇ ਵਿੱਚ ਅਤੇ ਇਸਰਾਏਲੀਆਂ ਵਿੱਚ ਸਦਾ ਲਈ ਇੱਕ ਨਿਸ਼ਾਨ ਹੈ।** ਇਨ੍ਹਾਂ ਆਇਤਾਂ ਤੋਂ ਕੋਈ ਸਿੱਟਾ ਕੱਢ ਸਕਦਾ ਹੈ ਕਿ ਸਬਤ ਨੂੰ ਯੁੱਗ ਦੇ ਅੰਤ ਤੱਕ ਮਨਾਇਆ ਜਾਣਾ ਚਾਹੀਦਾ ਹੈ ਅਤੇ, ਇਸ ਲਈ, ਅੱਜ ਵੀ ਇਸ ਨੂੰ ਮੰਨਿਆ ਜਾਣਾ ਚਾਹੀਦਾ ਹੈ। ਪਰ, ਦੋ ਤੱਥਾਂ ਨੂੰ ਯਾਦ ਰੱਖਣਾ ਚਾਹੀਦਾ ਹੈ। ਪਹਿਲਾਂ, ਸਭ ਤੋਂ ਪਹਿਲਾਂ, ਪਰਮੇਸ਼ੁਰ ਨੇ ਸਿਰਫ ਇਸਰਾਏਲ ਦੇ ਨਾਲ ਇੱਕ ਨੇਮ ਦੇ ਰੂਪ ਵਿਚ ਸਬਤ ਦੀ ਮਨੌਤ ਦੀ ਗੱਲ ਕੀਤੀ। ਜੇਕਰ ਇਹ ਨਿਯਮ ਹੁਣ ਵੀ ਲਾਗੂ ਹੁੰਦੇ ਸਨ, ਤਾਂ ਉਹ ਸਿਰਫ ਇਸਰਾਏਲ ਦੇ ਉੱਤੇ ਲਾਗੂ ਹੋਣਗੇ। ਮਸੀਹ ਦੇ ਆ ਜਾਣ ਦੇ ਕਾਰਣ ਹੁਣ ਪੁਰਾਣਾ ਨੇਮ ਪ੍ਰਭਾਵੀ ਨਹੀਂ ਹੈ। ਦੂਸਰਾ, "ਸਦਾ ਲਈ" (עוֹלָם, *ਓਲਾਮ)* ਦਾ ਅਰਥ "ਸਦੀਪਕ ਕਾਲ ਦੇ ਲਈ" ਜਾਂ "ਸਮੇਂ ਦੇ ਅੰਤ ਤੱਕ" ਨਹੀਂ ਹੈ। ਹਾਰੂਨ ਦੀ ਜਾਜਕਾਈ ਨੂੰ "ਸਦਾ ਦੀ ਬਿਧੀ" ਦੇ ਰੂਪ ਵਿਚ ਸਥਾਪਤ ਕੀਤਾ ਗਿਆ ਸੀ (29:9)। ਅਜਿਹੇ ਹਵਾਲੇ ਇਸ ਗੱਲ ਨੂੰ ਸਪੱਸ਼ਟ ਕਰਦੇ ਹਨ ਕਿ ਭਾਵ "ਸਦਾ ਲਈ," "ਪੀੜ੍ਹੀਆਂ ਤੀਕ," ਅਤੇ "ਸਦਾ ਦੀ ਵਿਧੀ" ਦਾ ਅਰਥ "ਜਦੋਂ ਤੱਕ ਇਹ ਯੁੱਗ ਖਤਮ ਨਹੀਂ ਹੁੰਦਾ।" ਜਿੰਨਾ ਚਿਰ ਮੂਸਾ ਦਾ ਯੁੱਗ ਬਰਕਰਾਰ ਰਿਹਾ, ਉੱਨਾ ਚਿਰ ਇਸਰਾਏਲੀਆਂ ਨੂੰ, ਪਰਮੇਸ਼ੁਰ ਦੇ ਨੇਮ ਦੇ ਲੋਕ ਹੋਣ ਦੇ ਨਾਤੇ, ਸਬਤ ਨੂੰ ਮਨਾਉਣਾ ਪੈਣਾ ਸੀ।

ਸਬਤ ਨੂੰ ਪਰਮੇਸ਼ੁਰ ਦੇ ਅਨੁਸਰਣ ਵਿਚ ਮਨਾਇਆ ਜਾਣਾ ਸੀ, **ਕਿਉਂ ਕਿ ਛੇ ਦਿਨਾਂ ਵਿੱਚ ਯਹੋਵਾਹ ਨੇ ਅਕਾਸ਼ ਅਤੇ ਧਰਤੀ ਨੂੰ ਬਣਾਇਆ ਅਤੇ ਸੱਤਵੇਂ ਦਿਨ ਵਿਸਰਾਮ ਕੀਤਾ ਅਤੇ ਸ਼ਾਂਤ ਪਾਈ।** ਸ਼ੁਰੂ ਵਿਚ ਸਬਤ ਦੀ ਮਨੌਤ ਦਾ ਕਾਰਣ ਪ੍ਰਭੂ ਦੇ ਦੁਆਰਾ ਸੱਤਵੇਂ ਦਿਨ ਵਿਸਰਾਮ ਕਰਨਾ ਸੀ (20:11)। ਇਹ ਤੱਥ ਕਿ ਇਸਰਾਏਲੀਆਂ ਨੂੰ ਇੱਥੇ "ਸੱਤਵੇਂ ਦਿਨ" ਵਿਸਰਾਮ ਕਰਨ ਦੇ ਲਈ ਕਿਹਾ ਗਿਆ ਸੀ ਪਰਮੇਸ਼ੁਰ ਦੇ ਨਾਲ ਉਨ੍ਹਾਂ ਦੇ ਰਿਸ਼ਤੇ ਦੀ "ਇੱਕ ਨਿਸ਼ਾਨੀ" ਦੇ ਰੂਪ ਵਿਚ ਪਹਿਲੇ ਕਾਰਣ ਦੇ ਨਾਲ ਅਸਹਿਮਤ ਨਹੀਂ ਹੈ। ਦੋਵੇਂ ਪੂਰਕ ਹਨ, ਵਿਰੋਧੀ ਨਹੀਂ। ਪ੍ਰਭੂ ਇਸਰਾਏਲ ਦਾ ਰਚਣਹਾਰਾ ਅਤੇ ਛੁਟਕਾਰਾ ਦੇਣ ਵਾਲਾ ਹੈ। ਦੋਵਾਂ ਕਾਰਣਾਂ ਦੇ ਕਾਰਣ - ਕਿਉਂਕਿ ਉਸ ਨੇ ਸੰਸਾਰ ਨੂੰ ਬਣਾਇਆ ਅਤੇ ਉਸ ਨੇ ਇਸਰਾਏਲ ਨੂੰ ਮਿਸਰ ਦੀ ਗੁਲਾਮੀ ਤੋਂ ਛੁਟਕਾਰਾ ਦਿੱਤਾ ਸੀ - ਇਸ ਲਈ ਉਨ੍ਹਾਂ ਨੂੰ ਸਬਤ ਨੂੰ ਮੰਨਣਾ ਚਾਹੀਦਾ ਸੀ (31:12, 13 ਤੇ ਟਿੱਪਣੀਆਂ ਨੂੰ ਵੇਖੋ)।

ਹਾਲਾਂਕਿ ਕਦੀ ਕਦੀ ਇਸ ਨੂੰ ਦੁਹਰਾਏ ਜਾਣ ਦੇ ਰੂਪ ਵਿਚ ਵੇਖਿਆ ਜਾਂਦਾ ਹੈ, ਪਰ ਇਸ ਹਵਾਲੇ ਨੂੰ ਜਾਣ ਬੁੱਝ ਕੇ ਨਮੂਨਾ ABBA ਪੈਟਰਨ ਨੂੰ ਜਾਣ ਬੁੱਝ ਕੇ ਬਣਾਇਆ ਗਿਆ ਹੈ:

A1: "ਮੇਰੇ ਸਬਤਾਂ ਦੀ ਜਰੂਰ ਮਨੌਤ ਕਰਿਓ ... ਇੱਕ ਨਿਸ਼ਾਨ [ਦੇ ਰੂਪ ਵਿਚ] ... ਤੁਹਾਡੀਆਂ ਪੀੜ੍ਹੀਆਂ ਤੀਕ, ਭਈ ਤੁਸੀਂ ਜਾਣੋ ਕਿ ਮੈਂ ਯਹੋਵਾਹ ਤੁਹਾਡਾ ਪਵਿੱਤ੍ਰ ਕਰਨ ਵਾਲਾ ਹਾਂ" (31:13)।

B1: "ਤੁਸੀਂ ਸਬਤ ਦੀ ਮਨੌਤ ਕਰਿਓ ਕਿਉਂ ਜੋ ਉਹ ਤੁਹਾਡੇ ਲਈ ਪਵਿੱਤ੍ਰ ਹੈ। ਜਿਹੜਾ ਉਹ ਨੂੰ ਭਰਿਸ਼ਟ ਕਰੇ ਉਹ ਜਰੂਰ ਮਾਰਿਆ ਜਾਵੇ ... ਜੇ ਕੋਈ ਉਸ ਵਿੱਚ ਕੰਮ ਕਰੇ ... ਆਪਣੇ ਲੋਕਾਂ ਵਿੱਚੋਂ ਛੇਕਿਆ ਜਾਵੇ" (31:14)।

B2: "ਸੱਤਵਾਂ ਦਿਨ ਵਿਸਰਾਮ ਦਾ ਸਬਤ ਯਹੋਵਾਹ ਲਈ ਪਵਿੱਤ੍ਰ ਹੈ। ਜੇ ਕੋਈ ਸਬਤ ਦੇ ਦਿਨ ਵਿੱਚ ਕੰਮ ਕਰੇ ਉਹ ਜਰੂਰ ਮਾਰਿਆ ਜਾਵੇ" (31:15)।

A2: "'ਉਪਰੰਤ ਇਸਰਾਏਲੀ ਸਬਤ ਦੀ ਮਨੌਤ ਕਰਨ ... ਆਪਣੀਆਂ ਪੀੜ੍ਹੀਆਂ ਤੀਕ ...

ਉਹ ਸਦਾ ਲਈ ਇੱਕ ਨੇਮ ਹੈ। ਉਹ ਮੇਰੇ ਵਿੱਚ ਅਤੇ ਇਸਰਾਏਲੀਆਂ ਵਿੱਚ ਸਦਾ ਲਈ ਇੱਕ ਨਿਸ਼ਾਨ ਹੈ' ਕਿਉਂ ਕਿ ਛੇ ਦਿਨਾਂ ਵਿੱਚ ਯਹੋਵਾਹ ਨੇ ਅਕਾਸ਼ ਅਤੇ ਧਰਤੀ ਨੂੰ ਬਣਾਇਆ ਅਤੇ ਸੱਤਵੇਂ ਦਿਨ ਵਿਸਰਾਮ ਕੀਤਾ ਅਤੇ ਸ਼ਾਂਤ ਪਾਈ" (31:16, 17)।

ਅੰਦਰਲੀਆਂ ਦੋ ਆਇਤਾਂ ਸਬਤ ਦੇ ਹੁਕਮ ਨੂੰ ਤੋੜਣ ਦੇ ਨਤੀਜਿਆਂ ਦੇ ਬਾਰੇ ਬੋਲਦੀਆਂ ਹਨ। ਬਾਹਰੀ ਆਇਤਾਂ ਹੁਕਮ ਦਿੰਦੀਆਂ ਹਨ, ਅਤੇ ਦੱਸਦੀਆਂ ਹਨ ਕਿ ਇਹ ਕਿੰਨੀ ਦੇਰ ਤੱਕ ਪ੍ਰਭਾਵ ਵਿਚ ਸੀ, ਅਤੇ ਇਸ ਨੂੰ ਮੰਨਣ ਦੇ ਕਾਰਣ ਨੂੰ ਜੋੜਦੀਆਂ ਹਨ।

## ਬਿਵਸਥਾ ਦਾ ਸਿੱਟਾ (31:18)

**18 ਫੇਰ ਉਸ ਨੇ ਮੂਸਾ ਨੂੰ ਜਦ ਉਸ ਨਾਲ ਗੱਲਾਂ ਕਰ ਚੁੱਕਿਆ ਸੀਨਈ ਪਹਾੜ ਉੱਤੇ ਸਾਖੀ ਦੀਆਂ ਦੋਵੇਂ ਫੱਟੀਆਂ ਅਰਥਾਤ ਪੱਥਰ ਦੀਆਂ ਫੱਟੀਆਂ ਪਰਮੇਸ਼ੁਰ ਦੀ ਉਂਗਲੀ ਨਾਲ ਲਿਖੀਆਂ ਹੋਈਆਂ ਦਿੱਤੀਆਂ।**

**ਆਇਤ 18.** ਇਸ ਆਇਤ ਦੇ ਨਾਲ **ਸੀਨਈ ਪਹਾੜ** ਉੱਤੇ ਦਿੱਤੀ ਗਈ ਬਿਵਸਥਾ ਪੂਰੀ ਹੋਈ। ਇਹ ਤੱਥ ਕਿ ਜੋ **ਸਾਖੀ ਦੀਆਂ ਦੋਵੇਂ ਫੱਟੀਆਂ** ਤੇ ਜੋ ਲਿਖਿਆ ਹੋਇਆ ਸੀ ਉਹ ਪਰਮੇਸ਼ੁਰ ਨੇ ਆਪਣੀ **ਉਂਗਲੀ** ਨਾਲ ਲਿਖਿਆ ਸੀ ਬਿਵਸਥਾ ਦੀ ਸਮੱਗਰੀ ਨੂੰ ਹੋਰ ਵੀ ਪ੍ਰਭਾਵਸ਼ਾਲੀ ਬਣਾ ਦਿੰਦਾ ਹੈ। ਮਨੁੱਖਾਂ ਨੇ ਖੁਦ ਪਰਮੇਸ਼ੁਰ ਦੁਆਰਾ ਦਿੱਤੀ ਗਈ ਬਿਵਸਥਾ ਦੀ ਅਣਆਗਿਆਕਾਰੀ ਨਹੀਂ ਕੀਤੀ!

ਸਪੱਸ਼ਟ ਹੈ, ਕਿ ਜੋ "ਦੋ ਫੱਟੀਆਂ" ਤੇ ਲਿਖਿਆ ਸੀ ਉਹ ਦਸ ਹੁਕਮ ਸਨ। ਮੂਸਾ ਨੇ ਡੇਹਰੇ ਨੂੰ ਬਣਾਉਣ ਅਤੇ ਜਾਜਕਾਂ ਦੇ ਬਸਤ੍ਰਾਂ ਦੇ ਵਿਸ਼ੇ ਵਿਚ ਬਾਕੀ ਕਾਨੂਨਾਂ ਨੂੰ ਜਰੂਰ ਆਪਣੇ ਦਿਮਾਗ ਵਿਚ ਜਾਂ ਇੱਕ ਖਰੜੇ ਦੇ ਉੱਤੇ ਲਿਖ ਕੇ ਲਿਆਂਦੇ ਹੋਣਗੇ। ਬਾਅਦ ਵਾਲੇ ਤਰੀਕੇ ਦੀ ਸੰਭਾਵਨਾ ਵਧੇਰੇ ਹੈ ਕਿਉਂਕਿ ਪਹਿਲਾਂ ਮੂਸਾ ਨੇ ਨੇਮ ਦੀ ਪੋਥੀ ਨੂੰ ਲਿਖਤ ਰੂਪ ਵਿਚ ਰਿਕਾਰਡ ਕੀਤਾ ਸੀ (24:4)।

"ਪਰਮੇਸ਼ੁਰ ਦੀ ਉਂਗਲੀ" ਇੱਕ ਮਾਨਵਤਾਵਾਦੀ ਭਾਸ਼ਾ ਹੈ ਜਿਸ ਵਿਚ ਇਹ ਪਰਮੇਸ਼ੁਰ ਦੇ ਪ੍ਰਤਿ ਇੱਕ ਮਨੁੱਖੀ ਵਿਸ਼ੇਸ਼ਤਾ ਨੂੰ ਪ੍ਰਦਾਨ ਕਰਦਾ ਹੈ (15:8-10 ਦੇ ਵਿਸ਼ੇ ਤੇ ਟਿੱਪਣੀਆਂ ਵੇਖੋ)। ਕੁੱਝ ਟੀਕਾਕਾਰ ਮੰਨਦੇ ਹਨ ਕਿ "ਪਰਮੇਸ਼ੁਰ ਦੀ ਉਂਗਲੀ ਦੇ ਨਾਲ ਲਿਖੇ ਗਏ" ਦਾ ਅਰਥ ਹੈ ਕਿ ਜੋ ਕੁੱਝ ਲਿਖਿਆ ਗਿਆ ਸੀ ਉਸ ਦਾ ਸਰੋਤ ਸਿਰਫ ਪ੍ਰਭੂ ਸੀ।[7] ਪਰ, ਇਹ ਤੱਥ ਕਿ ਲਿਖਤ ਇਸ ਹਵਾਲੇ ਵਿਚ ਅਤੇ 32:16 ਅਤੇ 34:1 ਵਿਚ ਪਰਮੇਸ਼ੁਰ ਦੇ ਲਿਖਣ ਤੇ ਜ਼ੋਰ ਦਿੰਦੀ ਹੈ ਇਹ ਦੱਸਦਾ ਹੈ ਕਿ ਉਹ ਪੱਥਰ ਦੀਆਂ ਪੱਟੀਆਂ ਉੱਤੇ "ਦਸ ਹੁਕਮ" ਉੱਕਰਣ ਵਿਚ ਵਿਲੱਖਣ ਤੌਰ ਤੇ ਅਤੇ ਵਿਅਕਤੀਗਤ ਤੌਰ ਤੇ ਸ਼ਾਮਲ ਸੀ।[8] ਅਧਿਆਇ ਦੇ ਅੰਤ ਵਿਚ, ਮੂਸਾ ਪਹਾੜ ਤੋਂ ਹੇਠਾਂ ਆਉਣ ਲਈ ਅਤੇ ਪਰਮੇਸ਼ੁਰ ਦੀ ਬਿਵਸਥਾ ਲੋਕਾਂ ਦੇ ਸਾਹਮਣੇ ਪੇਸ਼ ਕਰਣ ਦੇ ਲਈ ਤਿਆਰ ਸੀ।

## ਪ੍ਰਾਸੰਗਿਕਤਾ

### ਬਸਲਏਲ, ਬਹੁਤ ਸਾਰੇ ਹੁਨਰਾਂ ਵਾਲਾ ਇੱਕ ਮਨੁੱਖ, ਜੋ ਪ੍ਰਭੂ ਨੂੰ ਸਮਰਪਿਤ ਸੀ (31:1-5)

ਕੀ ਤੁਸੀਂ ਕਦੀ ਬਸਲਏਲ ਵਰਗੇ ਕਿਸੇ ਮਨੁੱਖ ਨੂੰ ਜਾਣਿਆ ਹੈ? ਇੰਜ ਜਾਪਦਾ ਹੈ, ਕਿ ਇਹ ਆਦਮੀ, ਕੁੱਝ ਵੀ ਕਰ ਸਕਦਾ ਹੈ - ਪੱਥਰਾਂ ਨੂੰ ਕੱਟ ਕੇ, ਅਤੇ ਲੱਕੜੀ ਨੂੰ ਤਰਾਸ਼ ਕੇ ਕਿਸੇ ਵੀ ਤਰ੍ਹਾਂ ਦੇ "ਕਲਾਤਮਕ ਨਮੂਨੇ ਬਣਾ ਸਕਦਾ ਸੀ।" ਉਹ "ਹਰ ਤਰ੍ਹਾਂ ਦੇ ਕਾਰੀਗਰੀ" ਦੇ ਕੰਮ ਵਿਚ ਕੁਸ਼ਲ ਸੀ। ਉਸ ਨੂੰ ਚੰਗਾ ਨੇਤਾ ਅਤੇ ਪ੍ਰਬੰਧਕ ਵੀ ਹੋਣਾ ਚਾਹੀਦਾ ਸੀ, ਕਿਉਂਕਿ ਉਸ ਨੂੰ ਪਰਮੇਸ਼ੁਰ

ਨੇ ਡੇਹਰੇ ਦੀ ਉਸਾਰੀ ਦਾ ਕੰਮ ਸੌਂਪਿਆ ਸੀ। ਪਰਮੇਸ਼ੁਰ ਨੇ ਉਸ ਨੂੰ ਇਹ ਹੁਨਰ ਦਿੱਤੇ ਸਨ ਅਤੇ ਉਸ ਨੂੰ ਕੰਮ ਤੇ ਲਗਾਇਆ ਸੀ। ਬਸਲਏਲ ਦੇ ਵਿਸ਼ੇ ਵਿਚ ਸਭ ਤੋਂ ਵਧੀਆ ਗੱਲ ਇਹ ਹੈ, ਜਿਵੇਂ ਕਿ ਕੂਚ ਦੀ ਕਿਤਾਬ ਦਾ ਬਾਕੀ ਹਿੱਸਾ ਇਸ ਗੱਲ ਨੂੰ ਸਪੱਸ਼ਟ ਕਰਦਾ ਹੈ, ਉਸ ਨੇ ਕੰਮ ਨੂੰ ਸਵੀਕਾਰ ਕੀਤਾ, ਆਪਣੇ ਆਪ ਨੂੰ ਕੰਮ ਦੇ ਲਈ ਸਮਰਪਿਤ ਕੀਤਾ, ਅਤੇ ਜਦੋਂ ਤੱਕ ਕੰਮ ਪੂਰਾ ਨਾ ਹੋ ਗਿਆ ਉਸ ਨੇ ਉਸ ਨੂੰ ਨਹੀਂ ਛੱਡਿਆ। ਕੀ ਤੁਸੀਂ ਕਿਸੇ ਬਹੁਤ ਸਾਰੇ ਗੁਣਾਂ ਵਾਲੇ ਲੋਕਾਂ ਨੂੰ ਜਾਣਦੇ ਹੋ? ਕੀ ਤੁਸੀਂ ਉਨ੍ਹਾਂ ਵਿਚੋਂ ਇੱਕ ਹੋ? ਕੀ ਤੁਸੀਂ ਇਸ ਗੱਲ ਨੂੰ ਸਮਝਦੇ ਹੋ ਕਿ ਉਹ ਸਾਰੇ ਗੁਣ ਪਰਮੇਸ਼ੁਰ ਦੇ ਵੱਲੋਂ ਆਉਂਦੇ ਹਨ? ਕੀ ਤੁਸੀਂ ਉਨ੍ਹਾਂ ਨੂੰ ਪਰਮੇਸ਼ੁਰ ਦੀ ਸੇਵਾ ਦੇ ਲਈ ਇਸਤੇਮਾਲ ਕਰਣ ਦੇ ਲਈ ਤਿਆਰ ਹੋ, ਆਪਣੇ ਆਪ ਨੂੰ ਉਸ ਕੰਮ ਲਈ ਸਮਰਪਿਤ ਕਰਨ ਦੇ ਲਈ ਜੋ ਪਰਮੇਸ਼ੁਰ ਤੁਹਾਨੂੰ ਕਰਨ ਦੇ ਲਈ ਦਿੰਦਾ ਹੈ - ਅਤੇ ਜਦੋਂ ਤੱਕ ਉਹ ਪੂਰਾ ਨਹੀਂ ਹੋ ਜਾਂਦਾ ਉਸ ਨੂੰ ਵਿਚੇ ਨਹੀਂ ਛੱਡੋਗੇ?

### ਸਬਤ ਦੇ ਵਿਸ਼ੇ ਵਿਚ ਕੀ ਹੈ? (31:12-17)

ਮੂਸਾ ਦੀ ਬਿਵਸਥਾ ਦੇ ਸਾਰੇ ਹੁਕਮਾਂ ਵਿਚੋਂ ਕੋਈ ਵੀ ਹੁਕਮ ਸਬਤ ਦੇ ਹੁਕਮ ਨਾਲੋਂ ਵਧੇਰੇ ਵਿਵਾਦਪੂਰਣ ਨਹੀਂ ਹੈ। ਇਹ ਦਸਾਂ ਹੁਕਮਾਂ ਵਿਚੋਂ ਇੱਕ ਹੈ (20:8-11; ਬਿਵਸਥਾ ਸਾਰ 5:12-15)। ਇਸ ਦਾ ਮਹੱਤਵ ਇਸ ਗੱਲ ਵਿਚ ਵੇਖਿਆ ਗਿਆ ਹੈ ਕਿ ਕੂਚ ਦੀ ਕਿਤਾਬ ਵਿਚ ਪੰਜ ਵਾਰ ਹੋਰ ਇਸ ਦਾ ਹੁਕਮ ਦਿੱਤਾ ਗਿਆ ਹੈ (16:4, 5, 22-30; 23:12; 34:21; 35:1-3)। ਅਸਲ ਵਿਚ, ਇਹ ਇੰਨਾ ਮਹੱਤਵਪੂਰਣ ਸੀ ਕਿ ਸਬਤ ਨੂੰ ਤੋੜਣਾ ਮੌਤ ਦੀ ਸਜ਼ਾ ਦੇ ਯੋਗ ਸੀ (31:15; 35:2; ਗਿਣਤੀ 15:32-36)। ਇਸ ਵਿਚ ਕੋਈ ਸ਼ੱਕ ਨਹੀਂ ਹੈ ਕਿ ਇਸਰਾਏਲ ਨੂੰ ਸਬਤ ਨੂੰ ਮੰਨਣ ਦੀ ਜ਼ਰੂਰਤ ਸੀ। ਸਬਤ ਦੇ ਹੁਕਮ ਨੂੰ ਹੁਣ ਵੀ ਯਹੂਦੀਆਂ ਦੇ ਰਾਹੀਂ ਨਵੇਂ ਨੇਮ ਵਿਚ ਮੰਨਿਆ ਜਾ ਰਿਹਾ ਸੀ, ਅਤੇ ਅੱਜ ਵੀ ਇਸ ਦਾ ਆਦਰ ਕੀਤਾ ਜਾਂਦਾ ਹੈ।

ਵਿਵਾਦਪੂਰਣ ਪ੍ਰਸ਼ਨ ਇਹ ਹੈ: ਕੀ ਸਾਨੂੰ ਅੱਜ ਸਬਤ ਨੂੰ ਮੰਨਣਾ ਚਾਹੀਦਾ ਹੈ? ਜੇਕਰ ਨਹੀਂ, ਤਾਂ ਕਿ ਬਿਵਸਥਾ ਵਿਚ ਸਬਤ ਦੇ ਹੁਕਮ ਦਾ ਸਾਡੇ ਲਈ ਕੋਈ ਮਹੱਤਵ ਹੈ?

*ਇੱਕ ਬੰਦਸ਼ ਨਹੀਂ ਹੈ।* ਕੁੱਝ ਲੋਕ ਜੋ ਮਸੀਹੀ ਧਰਮ ਨੂੰ ਮੰਨਣ ਦਾ ਦਾਅਵਾ ਕਰਦੇ ਹਨ ਕਿ ਸਬਤ ਦਾ ਹੁਕਮ ਅੱਜ ਵੀ ਸਾਡੇ ਲਈ ਬੰਦਸ਼ ਵਾਲਾ ਹੈ, ਜਿਵੇਂ ਇਹ ਯਹੂਦੀਆਂ ਦੇ ਲਈ ਸੀ। ਕੀ ਉਹ ਸਹੀ ਹਨ?

ਸਬਤ ਪੁਰਾਣੀ ਬਿਵਸਥਾ, ਮੂਸਾ ਦੀ ਬਿਵਸਥਾ ਦਾ ਇੱਕ ਹਿੱਸਾ ਸੀ, ਜੋ ਪੂਰੀ ਹੋ ਗਈ ਸੀ। ਨਵਾਂ ਨੇਮ ਸਿਖਾਉਂਦਾ ਹੈ ਕਿ ਪੁਰਾਣੇ ਨੇਮ ਨੂੰ ਰਸਤੇ ਵਿਚੋਂ ਹਟਾ ਦਿੱਤਾ ਗਿਆ ਹੈ (ਗਲਾਤੀਆਂ 3:24, 25; ਅਫ਼ਸੀਆਂ 2:15; ਇਬਰਾਨੀਆਂ 7:11-22; 8:13; 9:11-18)। ਜੋ ਲੋਕ ਸਬਤ ਦੀ ਮਨੌਤ ਕਰਦੇ ਹਨ ਉਹ ਇਤਰਾਜ਼ ਕਰਦੇ ਹਨ ਕਿ ਜਿਸ ਨੂੰ ਹਟਾ ਦਿੱਤਾ ਗਿਆ ਹੈ ਉਹ ਰਸਮੀ ਬਿਵਸਥਾ ਹੈ ਦਸ ਹੁਕਮ ਨਹੀਂ ਹਨ। ਪਰ, ਉਹ ਇੱਕ ਭਿੰਨਤਾ ਨੂੰ ਬਣਾਉਂਦੇ ਹਨ ਜੋ ਨਾ ਤਾਂ ਨਵੇਂ ਨੇਮ ਵਿਚ ਹੈ ਨਾ ਹੀ ਪੁਰਾਣੇ ਨੇਮ ਵਿਚ ਹੈ। ਜਦੋਂ ਬਾਈਬਲ "ਬਿਵਸਥਾ" ਦੇ ਵਿਸ਼ੇ ਵਿਚ ਬੋਲਦੀ ਹੈ, ਤਾਂ ਇਹ ਪੂਰੀ ਬਿਵਸਥਾ ਦੇ ਵਿਸ਼ੇ ਵਿਚ ਬੋਲਦੀ ਹੈ, ਜਿਸ ਵਿਚ ਰਸਮੀ ਅਤੇ ਨੈਤਿਕ ਦੋਵਾਂ ਬਿਵਸਥਾਵਾਂ ਸ਼ਾਮਲ ਹਨ। ਰੋਮੀਆਂ 7:1-7 ਸੰਕੇਤ ਦਿੰਦਾ ਹੈ ਕਿ ਦਸ ਹੁਕਮ ਬਿਵਸਥਾ ਦਾ ਹਿੱਸਾ ਹਨ, ਅਤੇ ਇਹ ਵੀ ਦੱਸਦੇ ਹਨ ਕਿ ਮਸੀਹੀ "ਸ਼ਰਾ ਤੋਂ ਮੁਕਤ ਹਨ।" ਅਫ਼ਸੀਆਂ 2:15 ਵਿਚ ਕਿਹਾ ਗਿਆ ਹੈ ਕਿ ਮਸੀਹ ਨੇ "ਸ਼ਰਾ ਨੂੰ ਵਿਧੀਆਂ ਅਤੇ ਕਨੂਨਾਂ ਸਣੇ" ਮਿਟਾ ਦਿੱਤਾ ਹੈ। ਕੋਈ ਵੀ ਸ਼ਰਾ ਦੇ "ਹੁਕਮਾਂ" ਨੂੰ ਸ਼ਰਾ ਦੀਆਂ "ਵਿਧੀਆਂ" ਤੋਂ ਵੱਖਰਾ ਨਹੀਂ ਕਰ ਸਕਦਾ ਹੈ।

ਜਿਵੇਂ ਕਿ ਕੁੱਝ ਲੋਕ ਸਿਖਾਉਂਦੇ ਹਨ, ਸਬਤ ਦਾ ਹੁਕਮ ਸ੍ਰਿਸ਼ਟੀ ਦੀ ਸ਼ੁਰੂਆਤ ਤੋਂ ਨਹੀਂ ਦਿੱਤਾ ਗਿਆ ਸੀ। ਇਸ ਗੱਲ ਦਾ ਕੋਈ ਸੰਕੇਤ ਨਹੀਂ ਹੈ ਕਿ ਮੂਸਾ ਤੋਂ ਪਹਿਲਾਂ ਪੁਰਖੇ ਸਬਤ ਦੀ ਮਨੌਤ

ਕਰਦੇ ਸਨ ਜਾਂ ਇਹ ਕਿ ਸਬਤ ਮੂਸਾ ਦੀ ਸ਼ਰਾ ਤੇ ਨਿਰਭਰ ਨਾ ਰਹਿ ਕੇ ਸਾਰੇ ਯੁੱਗਾਂ ਦੇ ਲਈ ਇੱਕ ਹੁਕਮ ਹੈ। ਜਦਕਿ ਉਤਪਤ 2:3 ਕਹਿੰਦੀ ਹੈ ਕਿ ਪਰਮੇਸ਼ੁਰ ਨੇ ਸੱਤਵੇਂ ਦਿਨ ਨੂੰ "ਅਸੀਸ ਦਿੱਤੀ" ਅਤੇ "ਪਵਿੱਤ੍ਰ ਠਹਿਰਾਇਆ," ਇਸ ਵਿਚ ਇਹ ਨਹੀਂ ਦੱਸਿਆ ਗਿਆ ਹੈ ਕਿ ਉਸ ਨੇ *ਉਸ ਸਮੇਂ* ਅਜਿਹਾ ਕੀਤਾ ਸੀ। ਇਸ ਦੀ ਬਜਾਇ, ਉਤਪਤ ਦੀ ਕਿਤਾਬ ਸਾਨੂੰ ਕਹਿ ਰਹੀ ਹੈ ਕਿ ਜਦੋਂ ਸਬਤ ਦਾ ਹੁਕਮ ਦਿੱਤਾ ਗਿਆ ਸੀ, ਤਾਂ ਵਿਸਰਾਮ ਕਰਨ ਦਾ ਹੁਕਮ ਪਰਮੇਸ਼ੁਰ ਦੇ ਦੁਆਰਾ ਸੱਤਵੇਂ ਦਿਨ ਵਿਸਰਾਮ ਕਰਨ ਤੇ ਆਧਾਰਤ ਸੀ।

ਸਬਤ ਦਾ ਹੁਕਮ ਇਸਰਾਏਲ ਨੂੰ ਪਰਮੇਸ਼ੁਰ ਅਤੇ ਇਸਰਾਏਲ ਦੇ ਵਿਚਕਾਰ ਨੇਮ ਦੇ ਨਿਸ਼ਾਨ ਦੇ ਰੂਪ ਵਿਚ ਦਿੱਤਾ ਗਿਆ ਸੀ, ਨਾ ਕਿ ਗ਼ੈਰ ਕੌਮਾਂ ਨੂੰ। ਕਿਉਂਕਿ ਅੱਜ ਅਸੀਂ ਇੱਕ ਨਵੇਂ ਨੇਮ ਦੇ ਅਧੀਨ ਹਾਂ, ਇਸ ਲਈ ਇਹ ਹੁਕਮ ਸਾਡੇ ਤੇ ਲਾਗੂ ਨਹੀਂ ਹੁੰਦਾ ਹੈ।

ਮੁੱਢਲੀ ਕਲੀਸੀਆ ਨੂੰ ਸਬਤ ਦੇ ਦਿਨ ਬੰਦਗੀ ਵਿਚ ਮਿਲਣ ਦੀ ਲੋੜ ਨਹੀਂ ਸੀ। ਮਸੀਹੀ ਪ੍ਰਚਾਰਕ ਸਬਤ ਦੇ ਦਿਨ ਯਹੂਦੀਆਂ ਨੂੰ ਇੰਜੀਲ ਦਾ ਬਿਰਤਾਂਤ ਸੁਣਾਉਂਦੇ ਸਨ, ਪਰ ਉਨ੍ਹਾਂ ਦਾ ਸੰਦੇਸ਼ ਸਬਤ ਦੇ ਦਿਨ ਬੰਦਗੀ ਦੀਆਂ ਸਭਾਵਾਂ ਨੂੰ ਪੂਰਾ ਕਰਨ ਦੇ ਸਮਾਨ ਨਹੀਂ ਸੀ। ਸਬਤ ਦੇ ਦਿਨ ਸਭਾ ਦੀ ਬਜਾਇ, ਉਹ ਦਿਨ ਜਿਸ ਦੀ ਮਸੀਹੀ ਲੋਕ ਮਨੌਤ ਕਰਦੇ ਸਨ ਉਹ ਹਫ਼ਤੇ ਦਾ ਪਹਿਲਾਂ ਦਿਨ ਹੁੰਦਾ ਸੀ (ਰਸੂਲਾਂ ਦੇ ਕਰਤੱਬ 20:7; 1 ਕੁਰਿੰਥੀਆਂ 16:1, 2), ਮਸੀਹ ਦੇ ਜੀ ਉੱਠਣ ਦਾ ਦਿਨ। ਇਸ ਦਿਨ ਨੂੰ "ਪ੍ਰਭੂ ਦਾ ਦਿਨ" (ਪਰਕਾਸ਼ ਦੀ ਪੋਥੀ 1:10) ਕਿਹਾ ਜਾਂਦਾ ਹੈ, ਅਤੇ ਇਸ ਦਿਨ ਸਥਾਨਕ ਕਲੀਸੀਆਵਾਂ ਪ੍ਰਭੂ ਭੋਜ ਕਰਨ ਦੇ ਲਈ ਇਕੱਠੀਆਂ ਹੁੰਦੀਆਂ ਸਨ। ਚਰਚ ਦੇ ਫਾਦਰਾਂ ਦੀਆਂ ਲਿਖਤਾਂ ਵਿਚ ਇਸ ਗੱਲ ਦੀ ਪੁਸ਼ਟੀ ਹੁੰਦੀ ਹੈ ਕਿ ਕਲੀਸੀਆ ਹਫ਼ਤੇ ਦੇ ਪਹਿਲੇ ਦਿਨ ਆਪਣੀਆਂ ਪ੍ਰਾਰਥਨਾ ਸਭਾਵਾਂ ਦੇ ਲਈ ਇਕੱਠੀਆਂ ਹੁੰਦੀਆਂ ਸਨ। ਉੱਥੇ ਪ੍ਰਭੂ ਦੇ ਦਿਨ ਅਰਾਮ ਕਰਨ ਦਾ ਨਵੇਂ ਨੇਮ ਦਾ ਕੋਈ ਹੁਕਮ ਨਹੀਂ ਹੈ; ਉਸ ਦ੍ਰਿਸ਼ਟੀਕੋਣ ਤੋਂ, ਹਫ਼ਤੇ ਦਾ ਪਹਿਲਾ ਦਿਨ ਯਹੂਦੀ ਸਬਤ ਦੇ ਸਮਾਨ ਨਹੀਂ ਹੈ, ਜੋ ਵਿਸਰਾਮ ਦਾ ਇੱਕ ਦਿਨ ਸੀ।

"ਮਸੀਹੀ ਸਬਤ" ਸੱਤਵਾਂ ਦਿਨ ਨਹੀਂ ਹੈ ਸਗੋਂ ਸਵਰਗ ਹੈ। ਨਵੇਂ ਨੇਮ ਵਿਚ ਮਸੀਹੀਆਂ ਦੇ ਸੰਬੰਧ ਵਿਚ ਸਿਰਫ ਇੱਕ ਵਾਰ ਇਬਰਾਨੀਆਂ 4:9-11 ਵਿਚ, "ਸਬਤ" (ਜਾਂ ਇੱਕ ਸਮਾਨ) ਸ਼ਬਦ ਨੂੰ ਵਰਤਿਆ ਗਿਆ ਹੈ, ਜੋ ਮਸੀਹੀ "ਸਬਤ" ਦੀ ਪਹਿਚਾਣ ਸਵਰਗ ਦੇ ਨਾਲ ਕਰਦਾ ਹੈ ਅਤੇ ਉਨ੍ਹਾਂ ਨੂੰ ਬੇਨਤੀ ਕਰਦਾ ਹੈ ਕਿ ਉਸ ਵਿਚ ਦਾਖਲ ਹੋ ਜਾਣ।

*ਇੱਕ ਯਾਦਗਾਰ।* ਜੇਕਰ ਅਸੀਂ ਸਬਤ ਦਾ ਪਾਲਣ ਨਹੀਂ ਕਰਨਾ ਹੈ ਤਾਂ ਅੱਜ ਮਸੀਹੀਆਂ ਦੇ ਲਈ ਸਬਤ ਦਾ ਕੀ ਮਹੱਤਵ ਹੈ? ਸਬਤ ਦਾ ਹੁਕਮ ਸਾਨੂੰ ਯਾਦ ਦਿਵਾਉਂਦਾ ਹੈ ਕਿ ਸਾਨੂੰ ਲੋੜ ਹੈ:

(1) ਯਾਦ ਰੱਖਣ ਦੀ। ਯਹੂਦੀ ਹਰ ਸਬਤ ਦੇ ਦਿਨ ਯਾਦ ਕਰਦੇ ਸਨ ਕਿ ਸੰਸਾਰ ਦੀ ਰਚਨਾ ਕਰਨ ਦੇ ਵਿਚ ਪਰਮੇਸ਼ੁਰ ਨੇ ਕੀ ਕੀਤਾ ਸੀ। ਸਾਨੂੰ, ਵੀ, ਯਾਦ ਕਰਨ ਦੀ ਲੋੜ ਹੈ ਕਿ ਰਚਨਾ ਵਿਚ, ਛੁਟਕਾਰੇ ਵਿਚ, ਅਤੇ ਪ੍ਰਕਾਸ਼ਣ ਵਿਚ ਪਰਮੇਸ਼ੁਰ ਨੇ ਸਾਡੇ ਲਈ ਕੀ ਕੀਤਾ ਹੈ। ਇੱਕ ਤਰੀਕਾ ਜਿਸ ਦੇ ਵਿਚ ਅਸੀਂ ਰੱਖਾਂਗੇ ਉਹ ਪ੍ਰਭੂ ਦੇ ਦਿਨ ਪ੍ਰਭੂ ਭੋਜ ਵਿਚ ਸਾਂਝੀ ਹੋਣਾ ਹੈ।

(2) ਅਰਾਮ। ਯਿਸੂ ਨੇ ਕਿਹਾ, "ਸਬਤ ਦਾ ਦਿਨ ਮਨੁੱਖ ਦੀ ਖ਼ਾਤਰ ਬਣਿਆ ਹੈ" (ਮਰਕੁਸ 2:27)। ਇਸ ਦਾ ਅਰਥ ਇਹ ਹੈ ਕਿ ਮਨੁੱਖਾਂ ਦੇ ਲਈ ਹਫ਼ਤੇ ਵਿਚ ਇੱਕ ਵਿਸਰਾਮ ਕਰਨਾ ਚੰਗਾ ਹੈ। ਸ਼ਾਇਦ ਸਾਨੂੰ ਇਸ ਵਿਚਾਰ ਨੂੰ ਅੰਦਰੂਨੀ ਬਣਾਉਣ ਦੀ ਲੋੜ ਹੈ ਕਿ; ਸਾਡੀਆਂ ਸਭ ਤੋਂ ਵੱਡੀਆਂ ਸਮੱਸਿਆਵਾਂ ਵਿਚੋਂ ਇੱਕ ਸ਼ਾਇਦ ਇਹ ਹੈ ਕਿ ਅਸੀਂ ਬਹੁਤ ਜ਼ਿਆਦਾ ਕੰਮ ਕਰਦੇ ਹਾਂ ਅਤੇ ਬਹੁਤ ਘੱਟ ਅਰਾਮ ਕਰਦੇ ਹਾਂ।

(3) ਦੂਸਰਿਆਂ ਦੀਆਂ ਲੋੜਾਂ ਦੇ ਪ੍ਰਤਿ ਪ੍ਰਤੀਕਿਰਿਆ। ਸਬਤ ਦਾ ਉਦੇਸ਼ ਸਿਰਫ ਇਸਰਾਏਲੀਆਂ ਦੇ ਲਈ ਹੀ ਨਹੀਂ ਸਗੋਂ ਉਨ੍ਹਾਂ ਲੋਕਾਂ ਨੂੰ ਵੀ ਵਿਸਰਾਮ ਪ੍ਰਦਾਨ ਕਰਨਾ ਸੀ ਜੋ ਉਨ੍ਹਾਂ

ਉੱਤੇ ਨਿਰਭਰ ਕਰਦੇ ਸਨ - ਉਨ੍ਹਾਂ ਦੇ ਗੁਲਾਮ, ਪਰਦੇਸੀ ਜੋ ਉਨ੍ਹਾਂ ਦੇ ਵਿਚਕਾਰ ਵੱਸਦੇ ਸਨ, ਅਤੇ ਇੱਥੋਂ ਤੱਕ ਕਿ ਉਨ੍ਹਾਂ ਦੇ ਜਾਨਵਰਾਂ ਨੂੰ ਵੀ (23:12; ਬਿਵਸਥਾ ਸਾਰ 5:14)। ਸਬਤ ਦਾ ਹੁਕਮ ਸਾਨੂੰ ਦੂਸਰਿਆਂ ਤੇ ਦਯਾ ਕਰਨ ਦੀ ਲੋੜ ਦੀ ਯਾਦ ਦਿਵਾਉਂਦਾ ਹੈ।

(4) ਸਵਰਗ ਵਿਚ ਵੜਣ ਦੀਆਂ ਆਪਣੀਆਂ ਕੋਸ਼ਿਸ਼ਾਂ ਨੂੰ ਦੁੱਗਣਾ ਕਰੋ, ਉਸ "ਸਬਤ ਦੇ ਵਿਸਰਾਮ" ਦੇ ਲਈ ਕੋਸ਼ਿਸ਼ ਕਰੋ ਜੋ ਸਵਰਗ ਵਿਚ ਸਾਡਾ ਇੰਤਜ਼ਾਰ ਕਰ ਰਿਹਾ ਹੈ (ਇਬਰਾਨੀਆਂ 4:9-11)।

### ਸਬਤ: ਨੇਮ ਦਾ "ਨਿਸ਼ਾਨ" (31:13, 17)

ਸਬਤ ਪਰਮੇਸ਼ੁਰ ਅਤੇ ਇਸਰਾਏਲ ਦੇ ਵਿਚਕਾਰ ਨੇਮ ਦਾ "ਨਿਸ਼ਾਨ" ਸੀ। ਉਸ ਨਿਸ਼ਾਨ ਦੇ ਦੁਆਰਾ ਇਸਰਾਏਲੀਆਂ ਨੂੰ ਨਿਰੰਤਰ ਯਾਦ ਦਿਵਾਇਆ ਜਾਂਦਾ ਸੀ ਕਿ ਪਰਮੇਸ਼ੁਰ ਨੇ ਉਨ੍ਹਾਂ ਦੇ ਲਈ ਕੀ ਕੀਤਾ ਸੀ। ਇਸ ਤੋਂ ਇਲਾਵਾ, ਸਬਤ ਨੇ ਇਸਰਾਏਲ ਨੂੰ ਬਾਕੀ ਸਾਰੇ ਲੋਕਾਂ ਨੂੰ ਵੱਖਰਾ ਕਰਨ ਦਾ ਕੰਮ ਵੀ ਕੀਤਾ; ਇਸਰਾਏਲ ਦੇ ਲੋਕਾਂ ਨੂੰ ਸਬਤ ਨੂੰ ਮੰਨਣ ਵਾਲੇ ਲੋਕ ਕਿਹਾ ਜਾਂਦਾ ਸੀ। ਕੀ ਪਰਮੇਸ਼ੁਰ ਨੇ ਸਾਨੂੰ ਇਸ ਯੁੱਗ ਵਿਚ ਆਪਣੇ ਲੋਕਾਂ ਦੇ ਨਾਲ ਬੰਨ੍ਹੇ ਗਏ ਨੇਮ ਦਾ "ਨਿਸ਼ਾਨ" ਦਿੱਤਾ ਹੈ? ਸ਼ਾਇਦ ਬਪਤਿਸਮੇ ਦਾ ਅਭਿਆਸ ਅਤੇ ਪ੍ਰਭੂ ਭੋਜ ਦਾ ਪਾਲਣ ਕਰਨਾ ਨਵੇਂ ਨੇਮ ਦੇ "ਨਿਸ਼ਾਨ" ਦੇ ਰੂਪ ਵਿਚ ਕੰਮ ਕਰਦਾ ਹੈ, ਕਿਉਂਕਿ ਇਹ ਲੋੜਾਂ ਉਨ੍ਹਾਂ ਲੋਕਾਂ ਦੀ ਪਹਿਚਾਣ ਕਰਵਾਉਂਦੀਆਂ ਹਨ ਜੋ ਮਸੀਹ ਦੇ ਚੇਲਿਆਂ ਦੇ ਰੂਪ ਵਿਚ ਇਨ੍ਹਾਂ ਵਿਚ ਭਾਗ ਲੈਂਦੇ ਹਨ। ਪਰ ਸ਼ਾਇਦ ਸਭ ਤੋਂ ਮਹੱਤਵਪੂਰਣ "ਨਿਸ਼ਾਨ" ਕਿ ਅਸੀਂ ਮਸੀਹੀ ਹਾਂ ਉਹ ਪ੍ਰੇਮ ਹੈ ਜੋ ਅਸੀਂ ਇੱਕ ਦੂਸਰੇ ਦੇ ਪ੍ਰਤਿ ਦਿਖਾਉਂਦੇ ਹਾਂ (ਯੂਹੰਨਾ 13:34, 35)।

---

ਟਿੱਪਣੀਆਂ

[1]ਆਰ. ਐਲਨ ਕੋਲ, *ਕੂਚ:ਐਨ ਇੰਟਰੋਡਕਸ਼ਨ ਐਂਡ ਕਮੈਂਟਰੀ,* ਟਿੰਡਲ ਓਲਡ ਟੈਸਟਾਮੈਂਟ ਕਮੈਂਟਰੀਜ਼ (ਡੋਨਰਜ਼ ਗਰੂਵ, ਇਲੀਨੋਇਸ: ਇੰਟਰ-ਵਰਸਿਟੀ ਪ੍ਰੈੱਸ, 1973), 210. [2]ਐੱਸ. ਆਰ. ਡਰਾਈਵਰ, *ਦ ਬੁੱਕ ਆੱਫ਼ ਐਕਸੋਡਸ,* ਦ ਕੈਬਰਿਜ਼ ਬਾਈਬਲ ਫਾਰ ਸਕੂਲਜ਼ ਐਂਡ ਕਾਲੇਜਿਸ (ਕੈਬਰਿਜ਼: ਯੂਨੀਵਰਸਿਟੀ ਪ੍ਰੈੱਸ, 1953), 342. [3]ਜੇ. ਫ਼ਿਲਿੱਪ ਹਯਾਤ, *ਐਕਸੋਡਸ,* ਦ ਨਿਊ ਸੈਨਚੁਰੀ ਬਾਈਬਲ ਕਮੈਂਟਰੀ (ਗ੍ਰੈਂਡ ਰੈਪਿਡਸ, ਮਿਸ਼ੀਗਨ: ਵਿਲੀਅਮ ਬੀ. ਈਡਰਮੈਂਸ ਪਬਲਿਸ਼ਿੰਗ ਕੰਪਨੀ, 1971), 297. [4]ਜੌਨ ਆਈ. ਡਰਹਮ, *ਐਕਸੋਡਸ,* ਵਰਡ ਬਿਬਲੀਕਲ ਕਮੈਂਟਰੀ, ਜਿਲਦ 3 (ਵਾਕੋ, ਟੈਕਸਾਸ: ਵਰਡ ਬੁਕਸ, 1987), 412. [5]ਅੰਬਰਟੋ ਕਸੈਟੋ, *ਏ ਕਮੈਂਟਰੀ ਆੱਨ ਦੀ ਬੁੱਕ ਆਫ਼ ਐਕਸੋਡਸ,* ਅਨੁਵਾਦ ਇਸਰਾਏਲ ਅਬਰਾਹਾਮਸ (ਯਰੂਸ਼ਲਮ: ਮੈਗਨੇਸ ਪ੍ਰੈਸ, 1997), 403. [6]ਡਰਹਮ, 413. [7]ਕਸੈਟੋ, 405-6. [8]ਵਲਬਰ ਫੀਲਡਸ, *ਐਕਸਪਲੋਰਿੰਗ ਐਕਸੋਡਸ,* ਬਾਈਬਲ ਸਟੱਡੀ ਟੈਕਸਟਬੁੱਕ ਸੀਰੀਜ਼ (ਜੌਪਲਿਨ, ਮਿਸੂਰੀ: ਕਾਲਜ ਪ੍ਰੈੱਸ, 1976), 699-700. ਇਸ ਤੋਂ ਇਲਾਵਾ, ਜ਼ਬੂਰ 8:3 ਪਰਮੇਸ਼ੁਰ ਦੀਆਂ "ਉਂਗਲੀਆਂ" ਨਾਲ ਰਚੇ ਗਏ ਕਾਇਨਾਤ ਦੇ ਵਿਸ਼ੇ ਵਿਚ ਬੋਲਦਾ ਹੈ। ਕੂਚ 8:19 ਜਾਦੂਗਰਾਂ ਨੇ ਕਿਹਾ ਕਿ ਇੱਕ ਚਮਤਕਾਰ "ਪਰਮੇਸ਼ੁਰ ਦੀ ਉਂਗਲ ਦੇ ਨਾਲ" ਕੀਤਾ ਜਾ ਰਿਹਾ ਸੀ। (ਲੂਕਾ 11:20 ਵੀ ਵੇਖੋ।)